# ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿੱਚ ਹੋ ਰਹੀਆਂ ਮੰਨਮੱਤਾਂ।

## ਕਿਸ਼ਤ ਨੰਬਰ 6

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5 ਪੜ੍ਹੋ ਜੀ)

***** 'ਗੁਰਬਾਣੀ-ਗਿਆਨ', 'ਗੁਰਮੱਤ-ਸਿਧਾਤਾਂ' ਦੇ ਅਨੁਸਾਰ '**ਮਨੁੱਖਾ-ਸਰੀਰ'**, ਇਸ ਧਰਤੀ ਦੇ ਸਾਰਿਆਂ ਜੀਵਾਂ-ਜੰਤੂਆਂ, ਪਸੂਆਂ-ਪੰਛੀਆਂ ਦੇ ਸਰੀਰਾਂ ਵਿਚੋਂ ਸ਼ਰੋਮਣੀ-ਸਰੀਰ ਹੈ। ਇਸ ਮਨੁੱਖੀ-ਸਰੀਰ ਦੇ ਪਾਸ 'ਗਿਆਨ' ਹੈ। ਇਸ 'ਗਿਆਨ' ਨਾਲ ਮਨੁੱਖ ਹਰ ਤਰਾਂ ਸਥਿੱਤੀ ਵਿੱਚ ਆਪਣਾ ਚੰਗੇ-ਮਾੜੇ ਬਾਰੇ ਸੋਚ-ਵਿਚਾਰ ਕਰ ਸਕਦਾ ਹੈ। ਕੀ ਉਸ ਦੇ ਫਾਇਦੇ ਵਾਸਤੇ ਹੈ, ਕੀ ਉਸਦਾ ਨੁਕਸਾਨ ਕਰ ਸਕਦਾ ਹੈ? ? ਇਸ ਮਨੁੱਖਾ ਜੋਨੀ ਵਿੱਚ ਆਉਣ ਤੋਂ ਪਹਿਲਾ ਮਨੁੱਖ ਕੀ ਸੀ, ਅਤੇ ਮਰਨ ਤੋਂ ਬਾਅਦ ਕਿਥੇ ਜਾਵੇਗਾ, ਕੋਈ ਵੀ ਮਨੁੱਖ ਇਸ ਭੇਦ ਨੂੰ ਨਹੀਂ ਜਾਣ ਸਕਦਾ, ਪਾ ਸਕਦਾ।

** 'ਗੁਰਬਾਣੀ-ਗਿਆਨ', 'ਗੁਰਮੱਤ-ਸਿਧਾਂਤ' ਤਾਂ ਸਾਨੂੰ ਮਨੁੱਖਾਂ ਨੂੰ ਇਸ ਵਰਤਮਾਨ ਵਾਲੇ ਮਨੁੱਖਾ ਜੀਵਨ ਨੂੰ ਖੁਸ਼ੀ ਖੁਸ਼ੀ ਰਹਿ ਕੇ ਜਿਉਂਣ ਦਾ ਸੁਨੇਹਾ, ਸੰਦੇਸ਼, ਗਿਆਨ ਦੇ ਰਹੇ ਹਨ। ਆਲਤੂ ਫਾਲਤੂ ਦੇ ਕਰਮਕਾਂਡ ਕਰਨ ਨਾਲ ਕੋਈ ਵੀ ਮਨੁੱਖ ਆਪਣੇ ਆਪ ਨੂੰ ਖੁਸ਼ ਨਹੀਂ ਰੱਖ ਸਕਦਾ। ਆਤਮਿੱਕ ਖੁਸ਼ੀ ਤਾਂ 'ਕੁੱਦਰਤ' ਨਾਲ ਤਾਲਮੇਲ ਬਣਾ ਕੇ ਮਨੁੱਖਾ-ਜੀਵਨ ਜਿਉਂਣ ਨਾਲ ਹੀ ਮਿਲਦੀ ਹੈ।

** ਭੇਖੀ, ਹੱਠੀ, ਜੀਵਨ ਜਿਉਂਣ ਨਾਲ ਮਨੁੱਖ ਆਪਣੀ 'ਮੱਤ-ਬੁੱਧ' ਉੱਪਰ ਹੀ ਪਰਦਾ ਪਾ ਲੈਂਦਾ ਹੈ, ਆਪਣੇ ਆਪ ਨੂੰ ਇੱਕ ਸੀਮਤ ਦਾਇਰੇ ਵਿੱਚ ਕੈਦ ਕਰ ਲੈਂਦਾ ਹੈ। ਫਿਰ ਖੂਹ ਦੇ ਡੱਡੂ ਵਾਂਗ ਉਸੇ ਸੀਮੱਤ ਦਾਇਰੇ ਵਿੱਚ ਹੀ ਗੋਤੇ ਖਾਂਦਾ ਰਹਿੰਦਾ ਹੈ। ਆਪਣੇ 'ਗਿਆਨ' ਵਿੱਚ ਬਡੋਤਰੀ ਬਾਰੇ, ਤਰੱਕੀ ਬਾਰੇ ਓਹ ਮਨੁੱਖ ਕੋਈ ਫਿਕਰ/ਉਜ਼ਰ ਨਹੀਂ ਕਰਦਾ। ਬੱਸ ਜੀਵਨ ਉਹੀ ਪੁਰਾਣੀਆਂ ਸੁਣੀਆਂ-ਸੁਣਾਈਆਂ ਕਥਾਂ-ਕਹਾਣੀਆਂ, ਗੱਲਾਂ-ਬਾਤਾਂ ਵਿੱਚ ਹੀ ਗੁਜ਼ਰ ਹੋਈ ਜਾਂਦਾ ਹੈ। ਫਿਰ ਉਸਨੂੰ ਚੰਗੇ ਮਾੜੇ ਦਾ ਕੋਈ ਪਹਿਚਾਣ ਕਰਨ ਦੀ ਸੋਝੀ ਨਹੀਂ ਆਉਂਦੀ, ਕੀ ਉਸ ਦੇ ਮਨੁੱਖਾ ਜੀਵਨ ਦੀਆਂ ਖੁਸ਼ੀਆਂ ਲਈ ਚੰਗਾ ਹੈ, ਇਸ ਨੂੰ ਜਾਨਣ ਦੀ, ਪਹਿਚਾਨਣ ਦੀ ਕੋਈ ਲਿਆਕੱਤ ਨਹੀਂ ਰਹਿੰਦੀ। ਕੀ ਗਲਤ ਹੈ, ਕੀ ਸਹੀ ਹੈ, ਉਹ ਪਹਿਚਾਣ ਹੀ ਨਹੀਂ ਪਾਉਂਦਾ।

** 'ਗੁਰਬਾਣੀ-ਗਿਆਨ', 'ਗੁਰਮੱਤ-ਸਿਧਾਂਤ' ਕਿਸੇ ਵੀ ਤਰਾਂ ਦੇ 'ਹੱਠੀ, ਭੇਖੀ' ਜੀਵਨ ਜਿਉਂਣ ਵਾਲੇ ਨੂੰ **ਲਾਹਨਤਾਂ ਪਾਉਂਦੀ ਹੈ। ਦੁਰਕਾਰਦੀ ਹੈ।** **"ਬਹੁ ਭੇਖ ਕੀਆ ਦੇਹੀ ਦੁਖੁ ਦੀਆ॥" ਮ1॥ 467॥ । "ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥ ਮਨ ਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥ ਮ3॥ 593॥"। "ਹਠਿ ਨ ਪਤੀਜੈ ਨਾ ਬਹੁ ਭੇਖੈ॥ ਮ1॥ 686॥"। "ਭੇਖ ਦਿਖਾਵੈ ਸਚੁ ਨ ਕਮਾਵੈ॥ ਮ5॥ 738॥"। "ਭੇਖ ਕਰੈ ਗੁਰ ਸਬਦ ਨ ਕਮਾਏ॥ ਮ3॥ 1058॥"। "ਭੇਖੀ ਪ੍ਰਭੂ ਨਾ ਲਭਈ ਵਿਣੁ ਸਚੀ ਸਿਖੰ॥ ਮ5॥ 1099॥"**। ਅਲੱਗ ਅਲੱਗ ਮਤਾਂ ਵਿੱਚ 'ਅੰਨ- ਅਨਾਜ' ਨਾ ਖਾਣ ਨੂੰ, ਵਰਤ ਰੱਖਣ ਨੂੰ ਹੀ ਸੁੱਖਾਂ-ਸਾਧਨਾਂ ਦੀ ਪ੍ਰਾਪਤੀ ਦਾ ਸਾਧਨ ਮੰਨਦੇ ਹਨ।

**** ਮੁਸਲਮ-ਮੱਤ ਪੂਰਾ ਇੱਕ ਮਹੀਨਾ ਰੋਜ਼ੇ ਰੱਖਦੇ ਹਨ, ਭਾਵ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੁੱਝ ਨਹੀਂ ਖਾਣਾ ਪੀਣਾ। ਪਰ ਸ਼ਾਮ ਦੀ ਨਾਮਾਜ਼ ਪੜ੍ਹਕੇ, ਪੂਰੇ ਦਿਨ ਭੁੱਖੇ ਰਹਿਣ ਦੀ ਕਸਰ ਪੂਰੀ ਕਰ ਦਿੰਦੇ ਹਨ, ਭਾਵ ਕਿ**

**ਆਪਣੇ ਗਲ਼ੇ ਤੱਕ ਢਿੱਡ ਨੂੰ ਭਰ ਲੈਂਦੇ ਹਨ। ਫਿਰ ਇਸ 'ਵਰਤ, ਰੋਜ਼ੇ', ਰੱਖਣ ਦਾ, ਭੁੱਖੇ ਰਹਿਣ ਦਾ ਕੀ ਮਤਲਭ ਹੋਇਆ? ? ?**

**** ਸ਼ੁਕਰ ਹੈ! ! ਸਿੱਖੜਿਆਂ ਦੇ ਸਮਾਜ ਵਿੱਚ ਸਿੱਖਾਂ ਨੂੰ ਇਹ (ਰੋਜ਼ੇ, ਵਰਤ) ਰੱਖਣ ਵਾਲੀ ਕੋਈ ਬੀਮਾਰੀ ਨਹੀਂ ਚਿੰਬੜੀ।**

**** ਠੀਕ ਇਸੇ ਤਰਾਂ ਸਨਾਤਨ ਮੱਤ ਵਿੱਚ ਅਜੇਹੇ ਪਾਖੰਡ ਕੀਤੇ ਜਾਂਦੇ ਹਨ। ਅਨੇਕਾਂ ਤਰਾਂ ਦੇ ਵਰਤ ਰੱਖੇ ਜਾਂਦੇ ਹਨ। ਇਹਨਾਂ ਵਰਤਾਂ ਦੇ ਰੱਖਣ ਪਿੱਛੇ ਕੋਈ ਨਾ ਕੋਈ ਪਾਖੰਡ ਜਰੂਰ ਵਿਖਾਈ ਦਿੰਦਾ ਹੈ। ਜਿਆਦਾਤਰ ਸਨਾਤਨ ਮੱਤ ਵਿੱਚ ਇਹ ਵਰਤ ਰੱਖਣ ਦੀ ਭੇਡ-ਚਾਲ ਔਰਤਾਂ ਵਿੱਚ ਹੀ ਹੈ। ਸਨਾਤਨ ਮੱਤ ਵਿਚ, ਕਰਵਾ ਚੌਥ ਦਾ 'ਵਰਤ' ਇਸ ਮੱਤ ਵਿੱਚ ਇੱਕ ਜਿਆਦਾ ਮਸ਼ਹੂਰ ਵਰਤ ਹੈ। ਇਸ ਵਰਤ ਰੱਖਣ ਪਿੱਛੇ ਐਸੀ ਮਾਨਤਾ ਹੈ, ਧਾਰਨਾ ਹੈ, ਵਿਸ਼ਵਾਸ ਹੈ ਕਿ ਇਸ ਵਰਤ ਰੱਖਣ ਨਾਲ ਔਰਤ ਆਪਣੇ ਪਤੀ ਦੀ ਲੰਬੀ ਉੱਮਰ ਦੀ ਕਾਮਨਾ ਕਰਦੀ ਹੈ।**

****ਆਉ ਕੁੱਝ 'ਗੁਰਬਾਣੀ' ਫੁਰਮਾਨਾਂ ਨੂੰ ਵਿਚਾਰਦੇ ਹਾਂ।**

**** ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥ ਕਬੀਰ ਜੀ॥ 873॥**

- ਅੰਨ ਖਾਣਾ ਛੱਡ ਕਿ, ਭਾਵ ਨਾ ਖਾ ਕੇ, ਜੋ ਔਰਤ ਪਾਖੰਡ ਕਰਦੀ ਹੈ, ਉਹ ਨਾ ਤਾਂ ਸੁਹਾਗਣਾਂ ਦੀ ਕਤਾਰ ਵਿੱਚ ਗਿਣੀ ਜਾ ਸਕਦੀ ਹੈ, ਨਾ ਹੀ ਉਹ ਰੰਡੀਆਂ ਦੀ ਕਤਾਰ ਵਿੱਚ ਗਿਣੀ ਜਾਵੇਗੀ।

**** ਅੰਨ ਨ ਖਾਇਆ ਸਾਦੁ ਗਵਾਇਆ॥ ਬਹੁ ਦੁਖੁ ਪਾਇਆ ਦੂਜਾ ਭਾਇਆ॥ ਮ1॥ 467॥**

- ਜਿਸ ਕਿਸੇ ਨੇ ਹੱਠ ਕਰਕੇ ਅੰਨ ਖਾਣਾ ਛੱਡ ਦਿੱਤਾ, ਉਸਨੇ ਆਪਣਾ ਸਵਾਦ ਗੁਆ ਲਿਆ। ਉਹ ਬਹੁਤ ਪਰੇਸ਼ਾਨ ਵੀ ਹੋਵੇਗਾ। ਤਕਲੀਫਾਂ ਵੀ ਸਹੇਗਾ। ਉਸਨੇ ਆਪਣੇ ਚੰਗੇ ਗੁਣਾਂ ਨੂੰ ਵਿਸਾਰ ਕੇ ਮੜੱਪਣ ਨਾਲ ਪਿਆਰ ਪਾ ਲਿਆ ਹੈ, ਮਾੜੇ ਗੁਣ ਉਸਨੂੰ ਭਾਉਣ ਲੱਗ ਪਏ ਹਨ ਭਾਵ ਮਾੜੇ ਕਰਮ ਕਰਨੇ ਉਸਨੂੰ ਚੰਗੇ ਲੱਗਦੇ ਹਨ।

**** ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥ ਮ1॥ 905॥**

- ਅੰਨ-ਅਨਾਜ ਨਾ ਖਾਣਾ ਕਰਕੇ, ਦੇਹੀ ਨੂੰ ਦੁੱਖ ਦੇਣਾ ਹੈ। ਅੰਨ ਦਾ ਖਾਣਾ ਮਨੁੱਖਾ ਸਰੀਰ ਦੀ ਜਰੂਰਤ ਹੈ। ਇਸ ਅੰਨ ਖਾਣ ਨਾਲ ਹੀ ਸਰੀਰ ਵਿੱਚ ਲੋੜੀਂਦਾ ਖ਼ੂਨ ਬਣਦਾ ਹੈ, ਜਿਸ ਨਾਲ ਇਹ ਮਨੁੱਖਾ ਸਰੀਰ ਸਦਾ ਹਰਕਤ ਵਿੱਚ ਰਹਿੰਦਾ ਹੈ। ਬਿਨਾਂ ਗੁਰ-ਗਿਆਨ ਦੇ ਕਿਸੇ ਮਨੁੱਖ ਦੀ ਕਿਤੋਂ ਹੋਰ ਪਾਸਿਉਂ ਤਸੱਲੀ ਨਹੀਂ ਹੋ ਸਕਦੀ।

**** ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ॥ ਮ3॥ 1285॥**

- ਜਿਹੜੇ ਮੂਰਖ ਲੋਕ ਅੰਨ ਖਾਣਾ ਤਿਆਗ ਦਿੰਦੇ ਹਨ, ਭਾਵ ਹੱਠ ਕਰਦੇ ਹਨ, ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ, ਉਹਨਾਂ ਮੂਰਖਾਂ ਦਾ ਕੀ ਕੀਤਾ ਜਾ ਸਕਦਾ ਹੇ। ਭਾਵ ਉਹਨਾਂ ਨੇ ਆਪਣੇ ਲਈ ਆਪ ਹੀ ਕਸ਼ਟ ਸਹੇੜਨੇ ਕੀਤੇ ਹਨ।

**** ਹਠੁ ਕਰਿ ਮਰੈ ਨ ਲੇਖੈ ਪਾਵੈ॥ ਮ1॥ 226॥**

- ਅਗਰ ਕੋਈ ਮਨੁੱਖ ਹੱਠ ਕਰਕੇ, ਜ਼ਿੱਦ ਕਰਕੇ, ਆਪਣੇ ਸਰੀਰ ਨੂੰ ਧੂਣੀਆਂ ਤਪਾ ਕੇ, ਜਲਧਾਰਾ ਹੇਠਾਂ ਬੈਠ ਕੇ, ਵਰਤ ਰੱਖ ਕੇ, ਭੁੱਖੇ ਰਹਿ ਕੇ, ਹੋਰ ਤਰ੍ਹਾਂ ਤਰ੍ਹਾਂ ਦੇ ਕਸ਼ਟ ਦੇ ਕੇ ਆਪਣਾ ਮਨੁੱਖਾ ਜੀਵਨ ਜਿਉਂਣਾ ਕਰਦਾ ਹੈ ਜਾਂ ਮਰ ਜਾਂਦਾ ਹੈ, ਉਸ ਮਨੁੱਖ ਦਾ ਜੀਵਨ ਕਿਸੇ ਲੇਖੇ ਵਿੱਚ ਨਹੀਂ ਆਉਂਦਾ, ਭਾਵ ਕਿਸੇ ਗਿਣਤੀ ਵਿੱਚ ਨਹੀਂ ਆਉਂਦਾ, ਉਸ ਮਨੁੱਖ ਦਾ ਜੀਵਨ ਵਿਅਰਥ ਹੀ ਚਲਾ ਗਿਆ।

**** ਆਉ ਅੱਗੇ ਹੋਰ ਸਿੱਖ ਸਮਾਜ ਵਿੱਚ ਪ੍ਰਚੱਲਤ ਮੰਨਮੱਤਾਂ ਦੀ ਵਿਚਾਰ ਕਰਦੇ ਹਾਂ।**

## ** ‘ਕਰਵਾ ਚੌਥ’ ਦਾ ਵਰਤ।




- ਇਹ ‘ਕਰਵਾ-ਚੌਥ’ ਦਾ ਵਰਤ ਸਨਾਤਨ ਮੱਤ ਵਿੱਚ ਬੜਾ ਪ੍ਰਚੱਲਤ ਹੈ। ਇਸ ਵਰਤ ਰੱਖਣ ਪਿੱਛੇ ਇਹ ਭਾਵਨਾ/ਮਾਨਤਾ ਕੰਮ ਕਰਦੀ ਹੈ, ਕਿ ਪਤਨੀ ਦੇ ਇਸ ਵਰਤ ਰੱਖਣ ਨਾਲ ਪਤੀ ਦੀ ਉੱਮਰ ਲੰਬੀ ਹੋ ਜਾਂਦੀ ਹੈ।
- ਜਦ ਕਿ ਇਹ ਧਾਰਨਾ ਕਿਸੇ ਤਰਾਂ ‘ਸੱਚਾਈ’, ‘ਸੱਚ’ ਦੀ ਕੱਸਵੱਟੀ ਉੱਪਰ ਖਰੀ ਨਹੀਂ ਉਤਰਦੀ।
- ਅਕਾਲ-ਪੁਰਖ ਦਾ ਬਣਾਇਆ ਅਟੱਲ ‘ਵਿੱਧੀ ਵਿਧਾਨ’ ਹੈ। ਜੋ ਪ੍ਰਾਣੀ ਇਸ ਸੰਸਾਰ ਵਿੱਚ ਆਇਆ ਹੈ ਉਸਨੇ ਇੱਕ ਦਿਨ ਇਸ ਸੰਸਾਰ ਨੂੰ ਅਲਵਿੱਦਾ ਕਹਿ ਦੇਣਾ ਹੇ, ਭਾਵ ਮਰ ਜਾਣਾ ਹੈ। ਕੋਈ ਵੀ ਪ੍ਰਾਣੀ ਇਸ ਸੰਸਾਰ ਵਿੱਚ ਸਰੀਰ ਕਰਕੇ ਸਦਾ ਲਈ ਨਹੀਂ ਰਹਿ ਸਕਦਾ।
- **ਹਾਂ! ! ! ਕਿਸੇ ਵੀ ਮਨੁੱਖ ਦਾ ਨਾਮ ਲੋਕਾਂ ਦੀ ਜ਼ੁਬਾਨ ਉੱਪਰ ਰਹਿ ਸਕਦਾ ਹੈ, ਅਗਰ ਉਸ ਮਨੁੱਖ ਨੇ ਇਸ ਸੰਸਾਰ ਵਿੱਚ ਚੰਗੇ ਕਰਮ ਕੀਤੇ ਹਨ, ਭਾਵ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਇਆ ਹੈ। ਲੋਕਾਂ ਦਾ ਕੁੱਝ ਸਵਾਰਿਆ ਹੈ। ਲੋਕਾਈ ਦੇ ਕੰਮ ਆਇਆ ਹੈ। ਲੋਕ ਫਿਰ ਉਸ ਮਨੁੱਖ ਦੁਆਰਾ ਕੀਤੇ ਕੰਮਾਂ ਨੂੰ ਯਾਦ ਕਰਦੇ, ਉਸ ਮਨੁੱਖ ਨੂੰ ਵੀ ਚੇਤੇ ਕਰਦੇ ਹਨ, ਜੋ ਸਰੀਰ ਕਰਕੇ ਇਸ ਸੰਸਾਰ ਜਹਾਨ ਵਿੱਚ ਨਹੀਂ ਹੈ। ਜੋ ਆਪਣੀ ਜੀਵਨ ਯਾਤਰਾ ਦਾ ਪੈਂਡਾ ਖਤਮ ਕਰਕੇ ਇਸ ਸੰਸਾਰ ਤੋਂ ਕੂਚ ਕਰ ਗਿਆ ਹੈ, ਅਲਵਿਦਾ ਕਹਿ ਗਿਆ ਹੈ।**
- ਤਾਂ ਤੇ ਪਤਨੀ ਵਲੋਂ ਰੱਖੇ ਗਏ ਵਰਤ ਦਾ ਪਤੀ ਨੂੰ ਕਿਸ ਤਰਾਂ ਫਾਇਦਾ ਹੋਏਗਾ? ? ? ? ?
- ਹਾਂ! ! ! ! ਪਤਨੀ ਨੇ, ਅਗਰ ਕੁੱਝ ਵੀ ਨਾ ਖਾਣ ਦਾ ਪ੍ਰਣ ਕੀਤਾ ਹੈ ਤਾਂ ਇਸ ਦਾ ਫਾਇਦਾ ਤਾਂ ਪਤਨੀ ਨੂੰ ਹੀ ਹੋਵੇਗਾ। ਕਿਉਂਕਿ ਉਸਦੇ ਸਰੀਰ ਨੂੰ, ਉਸਦੇ ਮਿਹਦੇ ਨੂੰ ਉਸ ਦਿਨ ਘੱਟ ਕੰਮ ਕਰਨਾ ਪਏਗਾ।

ਸਰੀਰ ਦੇ ਅੰਦਰੂਨੀ ਕਲ-ਪੁਰਜ਼ਿਆਂ ਨੂੰ ਆਰਾਮ ਮਿਲ ਜਾਏਗਾ। ਪਤਨੀ ਦਾ ਸਰੀਰ ਤੰਦਰੁਸਤ ਰਹੇਗਾ। ਪਰ ਪਤੀ ਦੇਵ ਨੂੰ ਤਾਂ ਇਸ ਰੱਖੇ ਵਰਤ ਦਾ ਕੋਈ ਫਾਇਦਾ ਨਹੀਂ ਹੋਣ ਵਾਲਾ।

- 12 ਘੰਟੇ ਤਕ ਆਪਣੇ ਪੇਟ ਨੂੰ ਖਾਲੀ ਰੱਖ ਕੇ ਫਿਰ ਉਸ ਪੇਟ ਵਿੱਚ ਖਚਾ-ਖੱਚ ਫ਼ਲ-ਫਲੂਟ, ਸਬਜ਼ੀਆਂ, ਪੂਰੀਆਂ, ਸਮੋਸੇ, ਮਿਠਿਆਈਆਂ ਤੁੰਨ ਦੇਣਾ, ਕਿਥੋਂ ਦੀ ਸਿਆਣਪ ਹੈ? ?
- ਜਿੰਨਾ ਕੁ ਆਰਾਮ ਸਰੀਰ ਅਤੇ ਮਿਹਦੇ ਨੂੰ ਮਿਲਿਆ ਸੀ, ਹੁਣ ਖਾਧੇ ਹੋਏ ਜੰਕ-ਫੂਡ ਨੂੰ ਹਜ਼ਮ ਕਰਨ ਵਾਸਤੇ ਪਹਿਲਾਂ ਤੋਂ ਵੀ ਜਿਆਦਾ ਮਿਹਨਤ, ਜਿਆਦਾ ਕੰਮ ਕਰਨਾ ਪੈਣਾ ਹੈ। ਭਾਵ ਬੀਮਾਰ ਹੋਣ ਦਾ ਖਤਰਾ ਵੱਧ ਵੀ ਹੋ ਸਕਦਾ ਹੈ।
- ਖੈਰ! ! ! ਇਸ ਵਰਤ ਰੱਖਣ ਵਿੱਚ ਜਿਥੇ ਸਨਾਤਨ ਮੱਤ ਦੀਆਂ ਔਰਤਾਂ ਨੂੰ ਉਸ ਦਿਨ ਭੁੱਖੇ ਰਹਿ ਕੇ ਸ਼ਾਮ ਨੂੰ ਚੰਦਰਮਾ ਨਿਕਲਣ ਦੀ ਇੰਤਜ਼ਾਰ ਕਰਨੀ ਪੈਂਦੀ ਹੈ, ਉਥੇ ਚੰਦਰਮਾ ਨਿਕਲਣ ਤੋਂ ਬਾਅਦ ਵਿੱਚ ਤਾਂ ਸਵੇਰ ਤੋਂ ਭੁੱਖੀ ਪਤਨੀ ਲਈ ਖਾਣ-ਪੀਣ ਦਾ ਚੰਗਾ ਚੋਖਾ ਪ੍ਰਬੰਧ ਕੀਤਾ ਹੁੰਦਾ ਹੈ।

## ***** ਸਿੱਖ ਬੀਬੀਆਂ ਵੀ ਕਿਹੜਾ ਘੱਟ ਹਨ।

- **ਸਿੱਖ ਸਮਾਜ ਦੀਆਂ ਬੀਬੀਆਂ ਵੀ ਕਿਹੜਾ ਕਿਸੇ ਗਲੋਂ ਘੱਟ ਹਨ, ਉਹਨਾਂ ਨੇ ਫੱਟਾ-ਫੱਟ ਸਨਾਤਨ-ਮੱਤ ਦੀਆਂ ਬੀਬੀਆਂ ਦੀ ਨਕਲ ਮਾਰ ਲਈ। ਠੀਕ ਉਸੇ ਪ੍ਰਕਾਰ ਦੇ ਪਾਖੰਡ, ਕਰਮਕਾਂਡ ਕਰਨੇ ਸੁਰੂ ਕਰ ਦਿੱਤੇ, ਜੋ ਬ੍ਰਾਹਮਣ ਨੇ ਸਨਾਤਨ-ਮਤ ਵਿੱਚ ਪ੍ਰਚੱਲਤ ਕਰਵਾਏ ਹਨ।**
- **ਕਈ ਦਿਨ ਪਹਿਲਾਂ ਹੀ ਬੀਬੀਆਂ 'ਕਰੂਏ' ਖਰੀਦਨੇ ਸੁਰੂ ਕਰ ਦੇਂਦੀਆਂ ਹਨ। ਇਹ ਕਰੂਏ ਮਿੱਟੀ ਦੇ ਬਣਾਏ ਛੋਟੇ ਛੋਟੇ ਕੁੱਜੇ ਹੁੰਦੇ ਹਨ। ਜਿਹਨਾਂ ਵਿੱਚ ਪਾਣੀ ਭਰ ਕੇ, ਉੱਪਰ ਲਾਲ ਰੰਗ ਦੀ ਮੌਲੀ ਬੰਨ੍ਹ ਕੇ ਰੀਤੀ ਰਸਮ ਰਿਵਾਜ਼ ਕੀਤੇ ਜਾਂਦੇ ਹਨ।**
- 




- 
- **ਕਰਵਾ ਚੌਥ ਵਾਲੇ ਦਿਨ ਸਵੇਰ ਤੋਂ ਘਰਾਂ ਵਿੱਚ ਚਹਿਲ ਪਹਿਲ ਬਣਨੀ ਸੁਰੂ ਹੋ ਜਾਂਦੀ ਹੈ। ਕਿਉਂਕਿ ਸ਼ਾਮ ਨੂੰ ਬੀਬੀਆਂ ਨੇ ਬ੍ਰਾਹਮਣੀ ਕੋਲੋਂ ਕਰੂਏ ਦੀ ਕਥਾ ਵੀ ਸੁਨਣ ਜਾਣਾ ਹੁੰਦਾ ਹੈ। ਬ੍ਰਾਹਮਣੀ ਦੀ ਇਹ ਕਥਾ ਵੀ ਬੜੀ ਹਾਸੋ ਹੀਣੀ ਕਥਾ ਹੁੰਦੀ ਹੈ। (ਕਥਾ ਬਾਰੇ ਦੱਸਣਾ ਸੁਰੂ ਕੀਤਾ ਤਾਂ ਲੇਖ ਲੰਬਾ ਹੋ ਜਾਏਗਾ) ਇਹ ਕਥਾ ਨਿਰੀ ਮਿਥਿਹਾਸਿਕ ਹੈ। ਪਰ ਸਾਰੀਆਂ ਬੀਬੀਆਂ ਬੜੀ ਸ਼ਰਧਾ ਨਾਲ ਸੁਣਦੀਆਂ ਹਨ। ਵਾਪਸ ਆਉਣ ਲੱਗੀਆਂ ਸਾਰੀਆਂ ਬੀਬੀਆਂ ਬ੍ਰਾਹਮਣੀ ਨੂੰ ਕੁੱਝ ਦਾਨ-ਪੁੰਨ ਵੀ ਕਰ ਕੇ**

ਆਉਂਦੀਆਂ ਹਨ, ਤਾਂ ਕਿ ਉਹਨਾਂ ਦਾ ਪਤੀ ਦੀ ਲੰਬੀ ਉੱਮਰ ਲਈ ਰੱਖਿਆ ਇਹ ਵਰਤ ਸਫਲਾ ਹੋ ਸਕੇ।

- ਸਿੱਖ ਬੀਬੀਆਂ, ਸਿੱਖ ਸਮਾਜ ਵਿੱਚ ਰਹਿੰਦੇ ਹੋਏ, ਗੁਰਦੁਆਰੇ ਗੁਰਬਾਣੀ-ਗਿਆਨ ਪੜ੍ਹਦੇ ਸੁਣਦੇ ਹੋਏ ਵੀ ਆਪਣੀ ਅਨਪੜ੍ਹਤਾ, ਅਗਿਆਨਤਾ ਕਰਕੇ ਸਾਰੇ ਬ੍ਰਾਹਮਣੀ ਕਰਮਕਾਂਡਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੀਆਂ ਹਨ।
- ਜਿਸ ਤਰਾਂ ਦਾ ਬ੍ਰਾਹਮਣੀ ਕਰਮਕਾਂਢ ਉਹ ਆਪਣੇ ਘਰਾਂ ਵਿੱਚ ਕਰਦੀਆਂ ਹਨ, ਠੀਕ ਉਸੇ ਤਰਾਂ ਉਹਨਾਂ ਦੇ ਬੱਚੇ ਵੀ ਵੱਡੇ ਹੋ ਕੇ ਉਹੀ ਕਰਮਕਾਂਡ ਕਰਦੇ ਵੇਖੇ ਜਾ ਸਕਦੇ ਹਨ।
- ਇਹ ਸਿਲਸਿਲਾ ਪੀੜ੍ਹੀ ਦਰ ਪੀੜ੍ਹੀ ਚਲਣਾ ਸੁਰੂ ਕਰ ਦੇਂਦਾ ਹੈ।



- ਗੁਰਮੱਤ ਸਿਧਾਂਤਾਂ ਦੇ ਅਨੁਸਾਰ ਸਿੱਖ ਸਮਾਜ ਵਿੱਚ ਇਹਨਾਂ ਮੰਨਮੱਤਾਂ ਦਾ ਕੋਈ ਆਧਾਰ ਨਹੀਂ ਹੈ, ਇਹ ਸੱਭ ਕੁੱਝ ਦੇਖਾ ਦੇਖੀ ਸਿੱਖ ਬੀਬੀਆਂ ਕਰੀ ਜਾ ਰਹੀਆਂ ਹਨ। ਉਹਨਾਂ ਨੂੰ ਇਹ ਛੂਤ ਦੀ ਬੀਮਾਰੀ, ਸਨਾਤਨ-ਮੱਤ ਵਾਲੀਆਂ ਆਪਣੀਆਂ ਗਵਾਂਢਣਾਂ ਤੋਂ ਲੱਗ ਗਈ ਹੈ। ਉਹਨਾਂ ਦੇ ਘਰ ਪ੍ਰੀਵਾਰ ਵੀ ਇਸ ਵਿੱਚ ਵੱਧ ਚੜ੍ਹਕੇ ਹਿੱਸਾ ਲੈਂਦੇ ਹਨ।
- ਖਾਣਾ ਪੀਣਾ ਹੱਸਣ ਖੇਡਣ ਦੀ ਸਿੱਖੀ ਵਿੱਚ ਕੋਈ ਮਨਾਹੀ ਨਹੀਂ ਹੈ, ਪਰ ਬਿਨਾਂ ਸੋਚੇ ਸਮਝੇ ਮੰਨਮੱਤਾਂ ਕਰਨ ਦੀ ਸਿੱਖ ਸਮਾਜ ਵਿੱਚ ਕੋਈ ਥਾਂ ਨਹੀਂ ਹੈ।
- **'ਗੁਰਬਾਣੀ ਗਿਆਨ' ਨੇ ਸਾਨੂੰ ਹਰ ਤਰਾਂ ਦੇ ਵਹਿਮਾਂ, ਭਰਮਾਂ, ਪਾਖੰਡਾਂ, ਕਰਮਕਾਂਡਾਂ, ਅਡੰਬਰਾਂ ਤੋਂ ਮੁਕਤੀ ਦਿਲਵਾਈ ਹੈ,**
- **ਫਿਰ ਕਿਉਂ ਅਸੀਂ ਉਸੇ ਦਲਦਲ ਵਿੱਚ ਜਾ ਫਸੀਏ, ਜਿਥੋਂ ਸਾਨੂੰ ਬਾਹਰ ਕੱਢ ਕੇ ਨਿਜ਼ਾਤ ਦਿਲਵਾਈ ਸੀ।**
- **ਸੋਚਣ ਦਾ ਵਿਸ਼ਾ ਹੈ।**

******* ਸਿੱਖਾਂ ਦੇ ਘਰਾਂ ਵਿਚ, ਦੁਕਾਨਾਂ ਵਿੱਚ ਟੰਗੀਆਂ ਨਿੰਬੂ ਮਿਰਚਾਂ।**

- ➢ ਕੀ ਇਹ ਘਰਾਂ ਵਿਚ, ਦੁਕਾਨਾਂ ਵਿੱਚ ਟੰਗੀਆਂ ਮਿਰਚਾਂ ਅਤੇ ਨਿੰਬੂ ਕਿਸੇ ਬੁਰੀ ਨਜ਼ਰ ਨੂੰ ਪਾਸ ਨਹੀਂ ਆਉਣ ਦਿੰਦੇ? ? ?
- ➢ ਇਹ ਇੱਕ ਕੋਰਾ ਵਹਿਮ ਹੈ।
- ➢ ਇੱਕ ਧੰਧਾ ਹੈ।
- ➢ ਇਸ ਵਹਿਮ ਨਾਲ ਜੁੜੇ ਲੋਕ ਆਪਣੇ ਘਰਾਂ ਵਿਚ, ਦੁਕਾਨਾਂ ਵਿਚ, ਹਰ ਮੰਗਲਵਾਰ ਨੂੰ ਇਹ ਨਿੰਬੂ-ਮਿਰਚਾਂ ਦੀਆਂ ਲੜੀਆਂ ਟੰਗਵਾਉਂਦੇ ਹਨ। ਜਿਹੜੇ ਲੋਕ ਇਹ ਲੜੀਆਂ ਬਣਾ ਕੇ ਲਿਉਂਦੇ ਹਨ, ਉਹ ਕੁਇੰਟਲਾਂ ਦੇ ਹਿਸਾਬ ਨਾਲ ਨਿੰਬੂ ਮਿਰਚਾਂ ਲਿਆ ਕੇ ਇਹ ਲੜੀਆਂ ਬਣਾਉਂਦੇ ਹਨ। ਉਹ ਲੋਕ ਚੰਗਾ ਮੁਨਾਫਾ ਕਮਾਉਂਦੇ ਹਨ। ਇਹ ਇੱਕ ਡਰ ਦੇ ਤਹਿਤ ਚੱਲਦਾ ਬਿਜ਼ਨਿਸ ਹੈ।



**** ਬੁਰੀ ਨਜ਼ਰ ਤੋਂ ਬਚਾਅ। ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ।** ਬਹੁਤ ਵਹਿਮੀ ਲੋਕ ਨਵੇਂ ਬਣਾਏ ਘਰ ਦੇ ਉੱਪਰ ਇਹ ਨਜ਼ਰਵੱਟੂ ਲਗਾ ਦਿੰਦੇ ਹਨ, ਕਿ ਉਹਨਾਂ ਦੇ ਨਵੇਂ ਬਣਾਏ ਘਰ ਨੂੰ ਕੋਈ ਬੁਰੀ ਨਜ਼ਰ ਨਾ ਲਾ ਦੇਵੇ। ਮਨੁੱਖ ਦੀ ਜਿੰਨ੍ਹੀ ਹੈਸੀਅਤ ਹੈ ਉਸੇ ਤਰਾਂ ਦੀ ਸੋਚ ਵੀ ਬਣ ਜਾਂਦੀ ਹੈ। ਐਨੀਆਂ ਉਚੀਆਂ ਉਚੀਆਂ ਬਿਲਡਿੰਗਾਂ ਉੱਪਰ ਤਾਂ ਕੋਈ ਠੇਕੇਦਾਰ ਕੋਈ ਨਜ਼ਰ-ਵੱਟੂ ਨਹੀਂ ਲਾਉਂਦੇ। ਪਰ ਛੋਟੀ ਹੈਸੀਅਤ ਵਾਲੇ ਹਰ ਮਕਾਨ ਉੱਪਰ ਇਹ ਮਨਜ਼ਰ-ਵੱਟੂ ਵੇਖਿਆ ਜਾ ਸਕਦਾ ਹੈ।



- ਬੁਰੀ ਨਜ਼ਰ ਕੀ ਹੁੰਦੀ ਹੈ? ?

- ਇਹ ਸਾਡਾ ਮਨੁੱਖਾ ਦਾ ਬਹੁਤ ਵੱਡਾ ਵਹਿਮ, ਭਰਮ, ਭੁਲੇਖਾ ਹੇ, ਕਿ ਕਿਸੇ ਦੀ ਬੁਰੀ ਨਜ਼ਰ ਲੱਗ ਸਕਦੀ ਹੈ।
- ਸਾਡੀਆਂ ਦੋ ਅੱਖਾਂ ਸਾਡੇ ਲਈ ਦੋ ਕੈਮਰੇ ਹਨ। ਜੋ ਬਾਹਰਲੀਆਂ ਚੀਜ਼ਾਂ ਨੂੰ ਦੇਖਦੇ ਹਨ। ਇਹਨਾਂ ਅੱਖਾਂ ਰਾਂਹੀ ਬਾਹਰਲੀਆਂ ਚੀਜ਼ਾਂ ਦਾ ਅਕਸ ਸਾਡੀਆਂ ਅੱਖਾਂ ਵਿੱਚ ਬਣਦਾ ਹੈ। ਉਸਦੀ ਜਾਣਕਾਰੀ ਸਾਡੇ ਦਿਮਾਗ਼ ਵਿੱਚ ਜਾਂਦੀ ਹੈ। ਦਿਮਾਗ਼ ਵਿੱਚ ਅਗਰ ਉਸ ਚੀਜ਼ ਬਾਰੇ ਪਹਿਲਾਂ ਤੋਂ ਕੋਈ ਜਾਣਕਾਰੀ ਹੋਏਗੀ ਤਾਂ ਸਾਡਾ ਦਿਮਾਗ ਸਾਨੂੰ ਉਸ ਚੀਜ਼ ਬਾਰੇ ਜਾਣਕਾਰੀ ਦੇ ਦੇਵੇਗਾ। ਭਾਵ ਸਾਨੂੰ ਫੱਟ ਦੇਨੇ, ਉਸੇ ਵਕਤ ਉਸ ਚੀਜ਼ ਬਾਰੇ ਪਤਾ ਚੱਲ ਜਾਂਦਾ ਹੇ। ਅਗਰ ਜਾਣਕਾਰੀ ਦੀ ਕੋਈ ਫਾਈਲ ਨਾ ਹੋਵੇ ਤਾਂ ਸਾਡਾ ਦਿਮਾਗ਼ ਉਸ ਨਵੀਂ ਚੀਜ਼ ਦੀ ਫਾਈਲ ਬਣਾ ਕੇ ਸਟੋਰ ਕਰ ਲੈਂਦਾ ਹੈ।
- ਸੋ ਅੱਖਾਂ ਦਾ ਕੰਮ ਕੇਵਲ ਸਾਨੂੰ ਬਾਹਰਲੀਆਂ ਚੀਜ਼ਾਂ ਨੂੰ ਵਿਖਾਉਣਾ ਹੇ। ਇਹਨਾਂ ਅੱਖਾਂ ਦੇ ਵੇਖਣ ਵਿੱਚ ਬੁਰਾਈ ਤਾਂ ਕਿਧਰੇ ਵੀ ਨਜ਼ਰ ਨਹੀਂ ਆ ਰਹੀ।
- ਅਗਰ ਕੋਈ ਮਨੁੱਖ ਬੁਰਾ, ਭੈੜਾ ਸੋਚਦਾ ਹੈ ਤਾਂ ਇਹ ਉਸਦੇ ਵਿਚਾਰਾਂ ਵਿੱਚ ਹੋ ਸਕਦਾ ਹੈ। ਕਿ ਕੋਈ ਮਨੁੱਖ ਕਿਸੇ ਹੋਰ ਬਾਰੇ ਕਿਸ ਤਰਾਂ ਦੇ ਵਿਚਾਰ ਰੱਖਦਾ ਹੈ।
- ਬੁਰਾਈ ਕਿਸੇ ਦੇ ਮਨ ਵਿੱਚ ਹੋ ਸਕਦੀ ਹੈ ਨਾ ਕਿ ਕਿਸੇ ਦੇ ਵੇਖਣ ਵਿਚ।
- ਕੀ ਮਨੁੱਖਾਂ, ਪਸ਼ੂਆਂ, ਜਾਨਵਰਾਂ, ਪੰਛੀਆਂ ਦੀਆਂ ਅੱਖਾਂ ਵਿਚੋਂ ਕਿਸੇ ਤਰਾਂ ਦੀਆਂ ਅਸਰਦਾਰ 'ਕਿਰਨਾਂ' ਨਿਕਲਦੀਆਂ ਹਨ, ਜੋ ਕਿਸੇ ਦੇ ਘਰ ਦਾ, ਦੁਕਾਨ ਦਾ, ਬਿਜ਼ਨੈਸ ਦਾ ਨੁਕਸਾਨ ਕਰ ਸਕਦੀਆਂ ਹਨ। **ਮਨੁੱਖਾ ਸਮਾਜ ਵਿੱਚ ਇਸ ਤਰਾਂ ਦੇ ਵਹਿਮ, ਭਰਮ, ਪਾਖੰਡ ਬਹੁਤ ਕੀਤੇ ਜਾਂਦੇ ਹਨ।** ਅਸੀਂ ਆਪ ਹੀ ਆਪਣੇ ਮਨੁੱਖਾ ਜਾਤੀ ਦੇ ਭੈਣਾਂ-ਭਰਾਵਾਂ ਉੱਪਰ ਵਿਸ਼ਵਾਸ ਨਹੀਂ ਕਰਦੇ। ਉਹਨਾਂ ਨੂੰ ਭੇੜੈ, ਬੁਰੇ, ਘਟੀਆ ਕਿਸਮ ਦੇ ਮਨੁੱਖ ਮੰਨਦੇ ਹਾਂ
- ਇਹ ਸਾਡੀ ਆਪਣੀ ਅਗਿਆਨਤਾ ਹੈ, ਨਾਦਾਨੀ ਹੈ। ਅਨਪੜ੍ਹਤਾ ਹੇ ਕਿ ਅਸੀਂ ਅੰਧ-ਵਿਸ਼ਵਾਸ਼ਾਂ ਵਿੱਚ ਪਏ ਹੋਏ ਹਾਂ।
- **ਸਿੱਖੀ ਸਿਧਾਂਤਾਂ ਦੇ ਅਨੁਸਾਰ ਇਹ ਬੁਰੀ ਨਜ਼ਰ ਦਾ ਲੱਗਣਾ ਸਾਡੇ ਆਪਣੇ ਮਨ ਦਾ ਵਹਿਮ, ਭਰਮ, ਭੁਲੇਖਾ ਹੈ। ਵਰਨਾ ਬਾਹਰ ਕੋਈ ਸਿਰਫ ਵੇਖ ਕੇ ਹੀ ਕਿਸੇ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ।**
- **ਹਾਂ! ! ਅਗਰ ਕੋਈ ਮਨੁੱਖ ਜਾਣਬੁੱਝ ਕੇ ਤੁਹਾਡੀ ਕਿਸੇ ਜਾਇਦਾਤ ਦਾ ਨੁਸਾਨ ਕਰਨਾ ਚਾਹੇ, ਕੋਈ ਤੋੜ-ਭੰਨ ਕਰਨਾ ਚਾਹੇ ਤਾਂ ਉਹ ਹੋ ਸਕਦਾ ਹੈ। ਤਾਂ ਇਹ ਬਾਹਰਲੀ ਕਾਰਵਾਈ ਹੱਥਾਂ ਪੈਰਾਂ ਨਾਲ ਹੋਏਗੀ। ਸਾਰਿਆਂਲੋਕਾਂ ਦੇ ਸਾਹਮਣੇ ਹੋਏਗੀ।**
- **'ਗੁਰਬਾਣੀ ਗਿਆਨ ਵਿਚਾਰ' ਕਿਸੇ ਵੀ ਸਿੱਖ ਨੂੰ ਇਹਨਾਂ ਫੋਕੀਆਂ ਮਾਨਤਾਵਾਂ, ਮਨਾਉਤਾਂ ਨੂੰ ਮੰਨਣ ਮਨਾਉਣ ਲਈ ਕਿਸੇ ਵੀ ਤਰਾਂ ਦਾ ਹੁੰਗਾਰਾ ਨਹੀਂ ਭਰਦਾ। ਸਾਥ ਨਹੀਂ ਦਿੰਦਾ।**

**** 'ਖੰਡੇ ਦੀ ਪਾਹੁਲ' ਛੱਕ ਕੇ ਵੀ ਸਿੱਖਾਂ ਦੇ ਗੁੱਟਾਂ ਉੱਪਰ ਮੌਲੀਆਂ ਬੰਨੀਆਂ ਵੇਖੀਆਂ ਜਾ ਸਕਦੀਆਂ ਹਨ। 100 ਵਿਚੋਂ 80 ਸਿੱਖ-ਘਰਾਂ ਵਿੱਚ ਇਹ ਮੰਨਮੱਤ ਵੇਖਣ ਵਿੱਚ ਆ ਰਹੀ ਹੈ। ਇਸ ਦਾ ਅਸਲ ਕਾਰਨ ਹੈ ਸਾਡੇ ਗੁਰੂ ਘਰਾਂ ਦੇ ਕੇਸਾਧਾਰੀ ਪੁਜਾਰੀ ਗਰੰਥੀ ਆਪ ਵੀ ਬ੍ਰਾਹਮਣੀ ਕਰਮਕਾਂਡਾਂ ਦੀ ਨਕਲ ਕਰ ਰਹੇ ਹਨ। ਸਿੱਖ ਘਰਾਂ ਵਿੱਚ 'ਗੁਰਬਾਣੀ ਸਿਧਾਂਤਾਂ' ਬਾਰੇ ਜਾਣਕਾਰੀ ਨਾ ਹੋਣ ਕਰਕੇ, ਹਰ ਸਿੱਖ-ਘਰ ਹਰ ਉਹ ਕਰਮਕਾਂਡ ਬਿਨਾਂ ਸੋਚੇ ਸਮਝੇ ਕਰੀ ਜਾ ਰਿਹਾ ਹੇ, ਜੋ ਉਸਦਾ ਗਵਾਂਢੀ ਸਨਾਤਨੀ ਭਰਾ ਕਰੀ ਜਾ ਰਿਹਾ ਹੇ। ਸਿੱਖ ਨਿਆਰਾ ਤਾਂ ਰਿਹਾ ਨਹੀਂ। ਉਸ ਤਰਾਂ ਸਾਰੇ ਆਪਣੇ ਆਪ ਨੂੰ ਸਿੱਖ ਅਖਵਾ ਰਹੇ ਹਨ। ਜੀ ਅਸੀਂ ਗੁਰੂ ਬਾਬੇ ਨਾਨਕ ਦੇ ਪੈਰੋਕਾਰ ਹਾਂ? ? ਉਹਨਾਂ ਦੇ ਵਿਖਾਏ ਨਕਸ਼ੇ-ਕਦਮਾਂ ਉੱਪਰ ਚੱਲਦੇ ਹਾਂ? ?**

- **ਮਉਲੀ।**
- ਮਉਲੀ ਸੂਤ ਦਾ 7 ਲੜੀਆ ਧਾਗਾ ਹੁੰਦਾ ਹੈ। ਜਿਸ ਨੂੰ ਲਾਲ, ਪੀਲੇ ਰੰਗ ਵਿੱਚ ਰੰਗਿਆ ਹੁੰਦਾ ਹੇ।
- ਇਸ ਧਾਗੇ ਨੂੰ ਇੱਕ ਪਵਿਤਰ ਧਾਗਾ ਮੰਨਿਆ ਜਾਂਦਾ ਹੈ। ਇਸ ਨੂੰ ਰਕਸ਼ਾ-ਕਵਚ ਵੀ ਕਹਿੰਦੇ ਹਨ।
- ਸਨਾਤਨੀ ਲੋਕ ਆਪਣੇ ਹਰ ਲਗਨ-ਸ਼ਗਨ ਵੇਲੇ ਇਸ ਮਉਲੀ ਧਾਗੇ ਦੀ ਵਰਤੋਂ ਕਰਦੇ ਹਨ।
- ਇਸ ਮਉਲੀ ਦੇ ਰੰਗ ਬਰੰਗੇ ਧਾਗੇ ਨੇ ਤਾਂ ਕੀ ਕਿਸੇ ਦਾ ਸਵਾਰਨਾ ਹੈ, ਇਹ ਬ੍ਰਾਹਮਣ ਪੁਜਾਰੀ ਪਾਂਡੇ ਦੀਆਂ ਬਣਾਈਆਂ ਚਲਾਈਆਂ ਮਾਨਤਾਵਾਂ ਦਾ ਹੀ ਹਿੱਸਾ ਹੇ ਕਿ ਕਿਸ ਤਰਾਂ ਉਸਨੇ ਲੋਕਾਂ ਨੂੰ ਲੁੱਟਣਾ ਹੈ, ਆਪਣਾ ਤੋਰੀ ਫੁਲਕਾ ਚਲਾਉਣਾ ਹੇ।
- **ਬਾਬੇ ਨਾਨਕ ਦੇ ਸਿੱਖਾਂ ਨੇ ਵੀ ਇਹਨਾਂ ਫੋਕੀਆਂ ਮਨਾਉਤਾਂ ਨੂੰ ਆਪਣੇ ਘਰਾਂ ਵਿੱਚ ਲੈ ਆਂਦਾ। ਇਹਨਾਂ ਮੰਨਮੱਤਾਂ ਵਿੱਚ ਦਿਨੋ ਦਿਨ ਵਾਧਾ ਹੋਈ ਜਾ ਰਿਹਾ ਹੈ।**
- 

**** ਸਿੱਖ ਸਮਾਜ ਵਿੱਚ ਇਹਨਾਂ ਕੀਤੀਆਂ ਜਾ ਰਹੀਆਂ ਕੁਰੀਤੀਆਂ, ਮੰਨਮੱਤਾਂ ਤੋਂ ਛੁਟਕਾਰਾ ਕੇਵਲ 'ਗੁਰਬਾਣੀ-ਗਿਆਨ-ਵਿਚਾਰ' ਨਾਲ ਹੀ ਹੋ ਸਕਦਾ ਹੈ। ਉਹ ਵੀ ਤਾਂ ਅਗਰ ਹਰ ਸਿੱਖੜਾ ਇਹ ਗਿਆਨ ਲੈਣਾ ਚਾਹੇ ਤਾਂ ...... ਵਰਨਾ ਇਹ ਸੰਭਵ ਨਹੀਂ ਹੈ।**

**ਹਰ ਮਨੁੱਖ ਦਾ ਜੀਵਨ ਚੱਲੀ ਜਾ ਰਿਹਾ ਹੈ ਚਾਹੇ ਸੁੱਖ ਵਿੱਚ ਹੈ ਜਾਂ ਭਾਵੇਂ ਦੁੱਖ ਵਿੱਚ ਹੈ।**

(. . . . . . ਚੱਲਦਾ)

**ਇੰਜ ਦਰਸਨ ਸਿੰਘ ਖਾਲਸਾ**

**ਸਿੱਡਨੀ ਅਸਟਰੇਲੀਆ**

17 ਮਈ 2019